ਪੰਜਾਬ ਸਰਕਾਰ

ਸਿਹਤ ਤੇ ਪਰਿਵਾਰ ਭਲਾਈ ਵਿਭਾਗ

(ਸਿਹਤ-4ਸ਼ਾਖਾ)

ਅਧਿਸੂਚਨਾਂ

13 ਜਨਵਰੀ, 2014

ਨੰ:7/14/2007-2ਸਿ4/ ਪੰਜਾਬ ਦੇ ਰਾਜਪਾਲ ਜੀ ਵਲੋ ਪ੍ਰਸੰਨਤਾ ਪੂਰਵਕ ਸ੍ਰੀ ਬਰਜਿੰਦਰ ਸਿੰਘ ਬਰਾੜ ਪੁੱਤਰ ਜਥੇਦਾਰ ਤੋਤਾ ਸਿੰਘ, ਨਿਵਾਸੀ ਪਿੰਡ ਦੁਨੇਕੇ, ਜ਼ਿਲਾ ਮੋਗਾ ਨੂੰ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਬੋਰਡ ਆਫ ਡਾਇਰੈਕਟਰਜ਼ ਵਿਚ ਡਾਇਰੈਕਟਰ ਨਿਯੁਕਤ ਕੀਤਾ ਜਾਂਦਾ ਹੈ ਅਤੇ ਇਸ ਉਪਰੰਤ ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਜਾਂਦਾ ਹੈ।

2. ਬੋਰਡ ਆਫ ਡਾਇਰੈਕਟਰਜ਼ ਵਿੱਚ ਡਾਇਰੈਕਟਰ ਵਜੋ ਸ੍ਰੀ ਬਰਜਿੰਦਰ ਸਿੰਘ ਬਰਾੜ ਦੇ ਨਾਮ ਦੀ ਮਿਆਦ ਤਿੰਨ ਸਾਲ ਹੋਵੇਗੀ ਅਤੇ ਚੇਅਰਮੈਨ ਵਜੋ ਇਸ ਦੀ ਕੋਈ ਮਿਆਦ ਨਹੀ ਹੈ। ਸ੍ਰੀ ਬਰਜਿੰਦਰ ਸਿੰਘ ਦੇ ਬਤੌਰ ਚੇਅਰਮੈਨ ਪੰਜਾਬ ਹੈਲਥ ਸਿਸਟਮਜ ਕਾਰਪੋਰੇਸਨ ਹਾਜਰ ਹੋਣ ਦੀ ਮਿਤੀ ਤੋ ਨਿਮਨਹਸਤਾਖਰ ਇਸ ਅਹੁੱਦੇ ਤੋ ਭਾਰ ਮੁਕਤ ਹੋ ਜਾਣਗੇ,ਜਿੰਨਾਂ ਪਾਸ ਇਸ ਅਹੁੱਦੇ ਦਾ ਵਾਧੂ ਚਾਰਜ ਹੈ।

3. ਸ੍ਰੀ ਬਰਜਿੰਦਰ ਸਿੰਘ ਬਰਾੜ ਦੀ ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ ਵਿਖੇ ਬਤੌਰ ਚੇਅਰਮੈਨ ਨਿਯੁਕਤੀ ਦੀਆਂ ਟਰਮਜ ਐਂਡ ਕੰਡੀਸ਼ਨਜ ਕਾਰਪੋਰੇਸਨ ਵਲੋ ਬਾਅਦ ਵਿਚ ਸਰਕਾਰ ਦੀ ਪ੍ਰਵਾਨਗੀ ਨਾਲ ਜਾਰੀ ਕੀਤੀਆਂ ਜਾਣਗੀਆਂ।

ਸਥਾਨ:, ਚੰਡੀਗੜ੍ਹ

13 ਜਨਵਰੀ,2014

ਵਿਨੀ ਮਹਾਜਨ

ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ ਵਿਭਾਗ।

ਸਿਹਤ ਤੇ ਪਰਿਵਾਰ ਭਲਾਈ ।

ਪਿ:ਅੰ:ਨੰ: 7/14/2007-2ਸਿ4/ ਮਿਤੀ,ਚੰਡੀਗੜ੍ਹ:-

ਉਤਾਰਾ ਇਕ ਵਾਧੂ ਕਾਪੀ ਸਮੇਤ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ,ਚੰਡੀਗੜ੍ਹ ਨੂੰ ਭੇਜਦੇ ਹੋਏ ਬੇਨਤੀ ਹੈ ਕਿ ਇਸ ਅਧਿਸੂਚਨਾਂ ਨੂੰ ਪੰਜਾਬ ਸਰਕਾਰ ਦੇ ਅਸਧਾਰਣ ਗਜ਼ਟ ਵਿੱਚ ਛਾਪਿਆ ਜਾਵੇ ਅਤੇ ਦਫਤਰੀ ਵਰਤੋ ਲਈ ਇਸ ਅਧਿਸੂਚਨਾਂ ਦੀਆਂ 25 ਕਾਪੀਆਂ ਤੁਰੰਤ ਇਸ ਵਿਭਾਗ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ।

ਸੁਪਰਡੰਟ

ਪਿ:ਅੰ:ਨੰ: 7/14/2007-2ਸਿ4/ 96-106 ਮਿਤੀ,ਚੰਡੀਗੜ੍ਹ:- 13-1-14

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਲੋੜੀਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ-

(1) ਪ੍ਰਮੁੱਖ ਸਕੱਤਰ/ਮੁੱਖ ਮੰਤਰੀ , ਪੰਜਾਬ ਜੀ ਨੂੰ ਉਨ੍ਹਾਂ ਦੇ ਦਫਤਰੀ ਨੋਟ ਨੰ 145200/1ਮਿਤੀ 8-1-14ਦੇ ਹਵਾਲੇ ਵਿਚ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਸੂਚਨਾਂ ਹਿੱਤ।

(2) ਸਕੱਤਰ/ਸਿਹਤ ਮੰਤਰੀ,ਪੰਜਾਬ।

(3) ਨਿੱਜੀ ਸਕੱਤਰ/ਮੁੱਖ ਸੰਸਦੀ ਸਕੱਤਰ ਸਿਹਤ,ਪੰਜਾਬ।

(4) ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਸਮੂਹ ਵਿਭਾਗੀ ਮੁੱਖੀ।

(5) ਸਿਹਤ ਤੇ ਪਰਿਵਾਰ ਭਲਾਈ ਸਕੱਤਰੇਤ ਦੇ ਸਮੂਹ ਅਧਿਕਾਰੀ।

(6) ਮੈਨੇਜਿੰਗ ਡਾਇਰੈਕਟਰ,ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ,ਮੁਹਾਲੀ।

(7) ਮਿਸ਼ਨ ਡਾਇਰੈਕਟਰ,ਨੈਸ਼ਨਲ ਰੂਰਲ ਹੈਲਥ ਮਿਸ਼ਨ,ਪਰਿਯਾਸ ਭਵਨ,ਸੈਕਟਰ-38,ਪੰਜਾਬ,ਚੰਡੀਗੜ੍ਹ।

(8) ਪੰਜਾਬ ਦੇ ਸਮੂਹ ਸਿਵਲ ਸਰਜਨ।

(9) ਸ੍ਰ:ਬਰਜਿੰਦਰ ਸਿੰਘ ਬਰਾੜ, ਪੁੱਤਰ ਜਥੇਦਾਰ ਤੋਤਾ ਸਿੰਘ, ਨਿਵਾਸੀ ਪਿੰਡ ਦੁਨੇਕੇ, ਜ਼ਿਲਾ ਮੋਗਾ।

ਸੁਪਰਡੰਟ